# लड़ लग जा दाती दे

ਲੜ੍ਹ ਲੱਗ ਜਾ ਦਾਤੀ ਦੇ, ਜੇ ਤੂੰ ਜੀਵਨ ਸਫ਼ਲ ਬਣਾਉਣਾ ॥
^ਜੀਵਨ ਸਫ਼ਲ ਬਣਾਉਣਾ, ਜੇ ਤੂੰ ਜੀਵਨ ਸਫ਼ਲ ਬਣਾਉਣਾ ।
ਲੜ੍ਹ ਲੱਗ ਜਾ ਦਾਤੀ ਦੇ, ਜੇ ਤੂੰ ਜੀਵਨ ਸਫ਼ਲ ਬਣਾਉਣਾ ॥

ਦੁਨੀਆਂ ਦੇ ਸੁੱਖ ਨਾਲੋਂ, "ਮਾਂ ਦਾ ਨਾਮ ਬੜਾ ਸੁੱਖਦਾਈ" ।
ਚਰਣੀ ਲੱਗ ਜਾ ਦਾਤੀ ਦੇ, "ਹੋਊ ਦੁਨੀਆਂ ਵਿੱਚ ਵਡਿਆਈ" ॥
^ਸਾਥ ਸਭ ਨੇ ਛੱਡ ਦੇਣਾ, ਜਦੋ ਰਿਹਾ ਨਾ ਪੱਲੇ ਆਨਾ,,,
ਲੜ੍ਹ ਲੱਗ ਜਾ ਦਾਤੀ ਦੇ,,,,,,,,,,,,,,,,,,,,,,,,,

ਚੰਗੇ ਕੰਮ ਛੱਡ ਕੇ ਤੂੰ, "ਲਈਆਂ ਪਾ ਨੇ ਆਦਤਾਂ ਬੁਰੀਆਂ" ।
ਬਣ ਬਗਲਾ ਭਗਤ ਗਿਆ, "ਮੂੰਹ ਵਿੱਚ ਰਾਮ ਬਗ਼ਲ ਵਿੱਚ ਛੁਰੀਆਂ" ॥
^ਕੀਤੀ ਆਪਣੀ ਪਾਵੇਂਗਾ, ਲਿਖਿਆ ਗ੍ਰੰਥ ਹੈ ਵੇਦ ਕੁਰਾਨਾਂ,,,
ਲੜ੍ਹ ਲੱਗ ਜਾ ਦਾਤੀ ਦੇ,,,,,,,,,,,,,,,,,,,,,,,,,

ਉਹ ਤੂੰ ਵੱਡਾ ਬਣਨ ਲਈ, "ਬਹਿ ਕੇ ਨਿੱਤ ਸਕੀਮਾਂ ਘੜਦਾ" ।
ਕਾਹਤੋਂ ਵੇਖ ਕਿਸੇ ਵੱਲ ਤੂੰ, "ਬੰਦਿਆਂ ਮਨ ਆਪਣੇ ਵਿੱਚ ਸੜ੍ਹਦਾ" ॥
^ਦਾਤੀ ਦੇ ਰੰਗਾਂ ਦਾ, ਪਾਇਆ ਭੇਦ ਨਹੀਂ ਵਿਦਵਾਨਾਂ,,,
ਲੜ੍ਹ ਲੱਗ ਜਾ ਦਾਤੀ ਦੇ,,,,,,,,,,,,,,,,,,,,,,,,,

ਸੱਚ ਕਹਿਣ ਸਿਆਣੇ ਬਈ, "ਉਸ ਕੁਦਰਤ ਤੋਂ ਡਰਿਆ ਕਰ ਤੂੰ" ।
ਰਾਮ ਮੌਜੀ ਪੁਰ ਵਾਲੇ, "ਮਾਂ ਦੀ ਪੂਜਾ ਕਰਿਆ ਕਰ ਤੂੰ" ॥
^ਜੇਹਦੀ ਦਿੱਤੀ ਖਾਂਦਾ ਏ, ਭਗਤਾ ਕਰ ਓਹਦਾ ਸ਼ੁਕਰਾਨਾ,,,
ਲੜ੍ਹ ਲੱਗ ਜਾ ਦਾਤੀ ਦੇ,,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/25435/title/larh-lag-ja-daate-de

अपने Android मोबाइल पर BhajanGanga App डाउनलोड करें और भजनों का आनंद ले |